ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times | 18 ਨਵੰਬਰ 2026 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਸਰਕਾਰੀ ਕਾਲਜ (ਲੜਕੀਆਂ) 'ਚ ਜ਼ਿਲ੍ਹਾ ਪੱਧਰੀ ਫਾਈਨਲ ਲੇਖ ਲਿਖਣ ਤੇ ਕੁਇਜ਼ ਮੁਕਾਬਲੇ ਕਰਵਾਏ ਗਏ

- 280 ਵਿਦਿਆਰਥੀਆਂ ਨੇ ਲਿਆ ਹਿੱਸਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 18 ਨਵੰਬਰ : ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ 18 ਨਵੰਬਰ, 2026 ਨੂੰ ਸਥਾਨਕ ਸਰਕਾਰੀ ਕਾਲਜ (ਲੜਕੀਆਂ) ਵਿਖੇ ਜ਼ਿਲ੍ਹਾ ਪੱਧਰੀ ਲੇਖ ਲਿਖਣ ਤੇ ਕੁਇਜ਼ ਮੁਕਾਬਲੇ ਕਰਵਾਏ ਗਏ।

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਹਿਮਾਂਸ਼ੂ ਅਗਰਵਾਲ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਨੌਜਵਾਨ ਵੋਟਰਾਂ ਨੂੰ ਆਪਣੀ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਦੇ ਮੰਤਵ ਨਾਲ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਵਿੱਚ 280 ਵਿਦਿਆਰਥੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ ਜਿਨ੍ਹਾਂ ਵਿੱਚ 140 ਲੇਖ ਲਿਖਣ ਅਤੇ 140 ਕੁਇਜ਼ ਮੁਕਾਬਲੇ ਲਈ ਸ਼ਾਮਲ ਸਨ।



ਜ਼ਿਲ੍ਹਾ ਚੋਣ ਅਫ਼ਸਰ ਅਗਰਵਾਲ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਆਗਾਮੀ ਵਿਧਾਨ ਸਭਾ ਚੋਣਾਂ-2027 ਦੀਆਂ ਤਿਆਰੀਆਂ ਪਹਿਲਾਂ ਹੀ ਵਿੱਢੀਆਂ ਜਾ ਚੁੱਕੀਆਂ ਹਨ ਜਿਸਦੇ ਤਹਿਤ ਨੌਜਵਾਨ ਵੋਟਰਾਂ ਨੂੰ ਜਾਗਰੂਕ ਕਰਨ ਲਈ 11 ਅਤੇ 12 ਨਵੰਬਰ ਨੂੰ ਸੰਸਥਾ/ਸਕੂਲ/ਕਾਲਜ/ਯੂਨੀਵਰਸਿਟੀ ਪੱਧਰ 'ਤੇ, ਬੀਤੇ ਕੱਲ 17 ਨਵੰਬਰ ਨੂੰ ਹਲਕਾ ਪੱਧਰ ਦੇ ਸਕੂਲਾਂ/ਕਾਲਜਾਂ ਵਿੱਚ ਲੇਖ ਲਿਖਣ ਤੇ ਕੁਇਜ਼ ਮੁਕਾਬਲੇ ਕਰਵਾਏ ਗਏ। ਹਲਕਾ ਪੱਧਰ 'ਤੇ 10 ਵਿਦਿਆਰਥੀ ਪ੍ਰਤੀ ਹਲਕਾ ਵਿਦਿਆਰਥੀਆਂ ਦਾ ਅੱਜ 18 ਨਵੰਬਰ ਨੂੰ ਜ਼ਿਲ੍ਹਾ ਪੱਧਰ 'ਤੇ ਲੇਖ ਲਿਖਣ ਤੇ ਕੁਇਜ਼ ਮੁਕਾਬਲੇ ਕਰਵਾਏ ਗਏ ਹਨ।


ਜ਼ਿਲ੍ਹਾ ਚੋਣ ਅਫਸ਼ਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਫਾਈਨਲ ਮੁਕਾਬਲੇ ਦੇ ਨਤੀਜੇ 20 ਨਵੰਬਰ ਨੂੰ ਘੋਸ਼ਿਤ ਕਰਦਿਆਂ ਸਰਟੀਫਿਕੇਟ ਜਾਰੀ ਕੀਤੇ ਜਾਣਗੇ।

ਜ਼ਿਲ੍ਹਾ ਚੋਣ ਅਫ਼ਸਰ ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪੱਧਰ ਅਤੇ ਚੋਣ ਹਲਕਾ ਪੱਧਰ 'ਤੇ ਸਕੂਲਾਂ ਅਤੇ ਕਾਲਜਾਂ ਵਿੱਚ ਸਵੀਪ ਜਾਗਰੂਕਤਾ ਗਤੀਵਿਧੀਆਂ ਦਾ ਵਿਸ਼ੇਸ਼ ਮਹੱਤਵ ਹੈ ਤਾਂ ਜੋ ਵਿਦਿਆਰਥੀਆਂ ਰਾਹੀਂ ਉਨ੍ਹਾਂ ਦੇ ਮਾਪਿਆਂ ਅਤੇ ਸਮਾਜ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾ ਸਕੇ।

ਫ਼ਰੀਦਕੋਟ ਦੇ ਟਰੇਨ ਰੈਸਟੋਰੈਂਟ, ਅਮਰ ਮੈਰਿਜ ਪੈਲੇਸ, ਹਸਪਤਾਲਾਂ ਦੀਆਂ ਕੰਟੀਨਾਂ ਸਮੇਤ 6 ਪ੍ਰੋਜੈਕਟਾਂ ਦੀ ਅਲਾਟਮੈਂਟ ਲਈ ਟੈਂਡਰ ਜਾਰੀ : ਅਰਸ਼ ਸੱਚਰ

23 ਨਵੰਬਰ ਤੱਕ ਟੈਂਡਰ ਭਰਨ ਦਾ ਮੌਕਾ, ਵਪਾਰੀ, ਕਾਰੋਬਾਰੀ ਅਤੇ ਨਵਾਂ ਕੰਮ ਸ਼ੁਰੂ ਕਰਨ ਦੇ ਇੱਛੁਕ ਨੌਜਵਾਨ ਲੈਣ ਲਾਭ ਅਰਸ਼ ਸੱਚਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਟੈਂਡਰ

ਭਾਰਤੀ ਰੈਡ ਕਰਾਸ ਸੁਸਾਇਟੀ ਅਤੇ ਫਰੀਦਕੋਟ ਜ਼ਿਲ੍ਹਾ ਕਲਚਰਲ ਸੁਸਾਇਟੀ, ਫਰੀਦਕੋਟ ਦੇ ਹੇਠ ਲਿਖੇ ਪ੍ਰੋਜੈਕਟਾਂ/ ਬਿਲਡਿੰਗਾਂ ਨੂੰ ਅਲਾਟ ਕਰਨ ਲਈ ਟੈਂਡਰ ਮਿਤੀ 23.11.2026 ਨੂੰ ਸਵੇਰੇ 11:00 ਵਜੇ ਤੱਕ ਭਰੇ ਜਾਣਗੇ ਅਤੇ ਪ੍ਰਾਪਤ ਟੈਂਡਰ ਮਿਤੀ 23.11.2026 ਨੂੰ ਹੀ ਦੁਪਹਿਰ 3:00 ਵਜੇ ਖੋਲ੍ਹੇ ਜਾਣਗੇ।

1. ਟਰੇਨ ਰੈਸਟੋਰੈਂਟ:- ਸਮਾਂ ਦਸੰਬਰ 2026 ਤੋਂ ਨਵੰਬਰ 2031 ਤੱਕ
2. ਰੈਡ ਕਰਾਸ ਅਮਰ ਆਸ਼ਰਮ (ਅਮਰ ਮੈਰਿਜ ਪੈਲੇਸ):- ਸਮਾਂ ਦਸੰਬਰ 2026 ਤੋਂ ਨਵੰਬਰ 2029 ਤੱਕ
3. ਕੰਟੀਨ ਸਿਵਲ ਹਸਪਤਾਲ, ਕੋਟਕਪੂਰਾ:- ਸਮਾਂ ਦਸੰਬਰ 2026 ਤੋਂ ਨਵੰਬਰ 2028 ਤੱਕ
4. ਰੈਡ ਕਰਾਸ ਕੰਟੀਨ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ :- ਦਸੰਬਰ 2026 ਤੋਂ ਨਵੰਬਰ 2028 ਜਾਂ ਨਵੀਨੀਕਰਨ ਦਾ ਕੰਮ ਪੂਰਾ ਹੋਣ ਤੱਕ (ਦੋਨਾਂ ਵਿੱਚੋਂ ਜੋ ਪਹਿਲਾਂ)
5. ਰੈਡ ਕਰਾਸ ਭਵਨ ਫਰੀਦਕੋਟ ਵਿਖੇ ਖਾਲੀ ਪਈ ਬਿਲਡਿੰਗ – ਸਮਾਂ ਦਸੰਬਰ 2026 ਤੋਂ ਨਵੰਬਰ 2028 ਤੱਕ
6. ਰੈਡ ਕਰਾਸ ਕੰਪਿਊਟਰ ਸੈਂਟਰ ਮਿੰਨੀ ਸਕੱਤਰੇਤ, ਫਰੀਦਕੋਟ – ਸਮਾਂ ਦਸੰਬਰ 2026 ਤੋਂ ਨਵੰਬਰ 2028 ਤੱਕ

ਵਧੇਰੇ ਜਾਣਕਾਰੀ ਲਈ ਟੈਲੀਫੋਨ ਨੰ: 01639-291206 ਜਾਂ eproc.punjab.gov.in ਤੇ ਟੈਂਡਰ ਦੀਆਂ ਸ਼ਰਤਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਜਾਂ ਨਿੱਜੀ ਤੌਰ ਤੇ ਕਿਸੇ ਵੀ ਕੰਮ ਵਾਲੇ ਦਿਨ ਦਫਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਭਵਿੱਖ ਵਿੱਚ ਸੋਧਰ ਟੈਂਡਰਾਂ ਵਿੱਚ ਕੋਈ ਵੀ ਤਬਦੀਲੀ ਕੀਤੀ ਜਾਣੀ ਹੈ ਤਾਂ ਇਸ ਸਬੰਧੀ ਜਾਣਕਾਰੀ faridkot.nic.in ਤੇ ਅਪਲੋਡ ਕਰ ਦਿੱਤੀ ਜਾਵੇਗੀ।

ਸਕੱਤਰ

ਕੋਟਕਪੂਰਾ, 18 ਨਵੰਬਰ : ਆਮ ਆਦਮੀ ਪਾਰਟੀ ਪੰਜਾਬ ਦੇ ਟਰੇਡ ਵਿੰਗ ਦੇ ਸਟੇਟ ਵਾਈਸ ਪ੍ਰੈਜ਼ੀਡੈਂਟ ਅਤੇ ਸਮਾਜ ਸੇਵੀ ਅਰਸ਼ ਸੱਚਰ ਨੇ ਫ਼ਰੀਦਕੋਟ ਦੇ ਵਪਾਰੀਆਂ, ਕਾਰੋਬਾਰੀਆਂ, ਦੁਕਾਨਦਾਰਾਂ ਅਤੇ ਨਵਾਂ ਕਾਰੋਬਾਰ ਸ਼ੁਰੂ ਕਰਨ ਦੇ ਇੱਛੁਕ ਨੌਜਵਾਨਾਂ ਲਈ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਭਾਰਤੀ ਰੈਡ ਕਰਾਸ ਸੁਸਾਇਟੀ ਅਤੇ ਫ਼ਰੀਦਕੋਟ ਜ਼ਿਲ੍ਹਾ ਕਲਚਰਲ ਸੁਸਾਇਟੀ ਵੱਲੋਂ 6 ਵੱਖ-ਵੱਖ ਪ੍ਰੋਜੈਕਟਾਂ ਅਤੇ ਬਿਲਡਿੰਗਾਂ ਦੀ ਅਲਾਟਮੈਂਟ ਲਈ ਟੈਂਡਰ ਮੰਗੇ ਗਏ ਹਨ। ਉਨ੍ਹਾਂ ਅਪੀਲ ਕੀਤੀ ਕਿ ਯੋਗ ਅਤੇ ਇੱਛੁਕ ਵਿਅਕਤੀ ਸਮੇਂ ਸਿਰ ਇਨ੍ਹਾਂ ਟੈਂਡਰਾਂ ਦੀ ਜਾਣਕਾਰੀ ਪ੍ਰਾਪਤ ਕਰਕੇ ਨਿਯਮਾਂ ਅਨੁਸਾਰ ਹਿੱਸਾ ਲੈਣ।

ਅਰਸ਼ ਸੱਚਰ ਨੇ ਦੱਸਿਆ ਕਿ ਇਨ੍ਹਾਂ ਟੈਂਡਰਾਂ ਵਿੱਚ ਟਰੇਨ ਰੈਸਟੋਰੈਂਟ, ਜਿਸ ਦੀ ਅਲਾਟਮੈਂਟ ਦਸੰਬਰ 2026 ਤੋਂ ਨਵੰਬਰ 2031 ਤੱਕ, ਰੈਡ ਕਰਾਸ ਅਮਰ ਆਸ਼ਰਮ (ਅਮਰ ਮੈਰਿਜ ਪੈਲੇਸ) ਦਸੰਬਰ 2026 ਤੋਂ ਨਵੰਬਰ 2029 ਤੱਕ, ਸਿਵਲ ਹਸਪਤਾਲ ਕੋਟਕਪੂਰਾ ਦੀ ਕੰਟੀਨ ਦਸੰਬਰ 2026 ਤੋਂ ਨਵੰਬਰ 2028 ਤੱਕ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫ਼ਰੀਦਕੋਟ ਦੀ ਰੈਡ ਕਰਾਸ ਕੰਟੀਨ ਦਸੰਬਰ 2026 ਤੋਂ ਨਵੰਬਰ 2028 ਜਾਂ ਨਵੀਨੀਕਰਨ ਦਾ ਕੰਮ ਪੂਰਾ ਹੋਣ ਤੱਕ, ਜੋ ਵੀ ਪਹਿਲਾਂ ਹੋਵੇ, ਰੈਡ ਕਰਾਸ ਭਵਨ ਫ਼ਰੀਦਕੋਟ ਵਿਖੇ ਖਾਲੀ ਪਈ ਬਿਲਡਿੰਗ ਦਸੰਬਰ 2026 ਤੋਂ ਨਵੰਬਰ 2028 ਤੱਕ ਅਤੇ ਮਿੰਨੀ ਸਕੱਤਰੇਤ ਫ਼ਰੀਦਕੋਟ ਵਿਖੇ ਰੈਡ ਕਰਾਸ ਕੰਪਿਊਟਰ ਸੈਂਟਰ ਦਸੰਬਰ 2026 ਤੋਂ ਨਵੰਬਰ 2028 ਤੱਕ ਦੀ ਅਲਾਟਮੈਂਟ ਲਈ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਟੈਂਡਰ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 23 ਨਵੰਬਰ 2026 ਸਵੇਰੇ 11 ਵਜੇ ਨਿਰਧਾਰਤ ਕੀਤੀ ਗਈ ਹੈ, ਜਦਕਿ ਪ੍ਰਾਪਤ ਟੈਂਡਰ ਉਸੇ ਦਿਨ ਦੁਪਹਿਰ 3 ਵਜੇ ਖੋਲ੍ਹੇ ਜਾਣਗੇ। ਟੈਂਡਰਾਂ ਦੀਆਂ ਪੂਰੀਆਂ ਸ਼ਰਤਾਂ ਅਤੇ ਹੋਰ ਜਾਣਕਾਰੀ ਲਈ ਸਰਕਾਰੀ ਵੈੱਬਸਾਈਟ eproc.punjab.gov.in ਜਾਂ ਟੈਲੀਫੋਨ ਨੰਬਰ 01639-291206 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕਿਸੇ ਵੀ ਤਬਦੀਲੀ ਸਬੰਧੀ ਜਾਣਕਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਵੈੱਬਸਾਈਟ faridkot.nic.in 'ਤੇ ਉਪਲਬਧ ਕਰਵਾਈ ਜਾਵੇਗੀ। ਅਰਸ਼ ਸੱਚਰ ਨੇ ਕਿਹਾ ਕਿ ਅਕਸਰ ਕਈ ਮਿਹਨਤੀ, ਯੋਗ ਅਤੇ ਕਾਰੋਬਾਰ ਕਰਨ ਦੇ ਇੱਛੁਕ ਲੋਕ ਸਿਰਫ਼ ਸਮੇਂ ਸਿਰ ਜਾਣਕਾਰੀ ਨਾ ਮਿਲਣ ਜਾਂ ਟੈਂਡਰ ਭਰਨ ਦੀ ਪ੍ਰਕਿਰਿਆ ਬਾਰੇ ਜਾਣੂ ਨਾ ਹੋਣ ਕਾਰਨ ਅਜਿਹੇ ਮੌਕਿਆਂ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਕਿਹਾ, "ਮੇਰਾ ਮਕਸਦ ਹੈ ਕਿ ਸਰਕਾਰੀ ਟੈਂਡਰਾਂ ਅਤੇ ਕਾਰੋਬਾਰੀ ਮੌਕਿਆਂ ਦੀ ਜਾਣਕਾਰੀ ਸਿਰਫ਼ ਕੁਝ ਲੋਕਾਂ ਤੱਕ ਸੀਮਤ ਨਾ ਰਹੇ, ਸਗੋਂ ਫ਼ਰੀਦਕੋਟ ਦੇ ਹਰ ਯੋਗ ਅਤੇ ਇੱਛੁਕ ਵਿਅਕਤੀ ਤੱਕ ਪਹੁੰਚੇ।

ਹਰ ਕਿਸੇ ਨੂੰ ਨਿਯਮਾਂ ਅਨੁਸਾਰ ਬਰਾਬਰ ਮੌਕਾ ਮਿਲਣਾ ਚਾਹੀਦਾ ਹੈ।" ਉਨ੍ਹਾਂ ਅੱਗੇ ਕਿਹਾ ਕਿ ਸਰਕਾਰੀ ਟੈਂਡਰਾਂ ਬਾਰੇ ਜਾਗਰੂਕਤਾ ਵਧਾਉਣ ਨਾਲ ਸਥਾਨਕ ਵਪਾਰੀਆਂ, ਛੋਟੇ ਕਾਰੋਬਾਰੀਆਂ ਅਤੇ ਸਵੈ-ਰੁਜ਼ਗਾਰ ਸ਼ੁਰੂ ਕਰਨ ਦੇ ਇੱਛੁਕ ਨੌਜਵਾਨਾਂ ਨੂੰ ਨਵੇਂ ਕਾਰੋਬਾਰੀ ਮੌਕਿਆਂ ਬਾਰੇ ਜਾਣਕਾਰੀ ਮਿਲ ਸਕੇਗੀ। ਉਨ੍ਹਾਂ ਕਿਹਾ ਕਿ "ਸਹੀ ਜਾਣਕਾਰੀ ਹੀ ਨਵੇਂ ਮੌਕਿਆਂ ਦਾ ਰਾਹ ਖੋਲ੍ਹਦੀ ਹੈ ਅਤੇ ਮੇਰੀ ਕੋਸ਼ਿਸ਼ ਹੈ ਕਿ ਜਾਣਕਾਰੀ ਦੀ ਘਾਟ ਕਿਸੇ ਵੀ ਮਿਹਨਤੀ ਵਿਅਕਤੀ ਦੀ ਤਰੱਕੀ ਵਿੱਚ ਰੁਕਾਵਟ ਨਾ ਬਣੇ।

" ਅਰਸ਼ ਸੱਚਰ ਨੇ ਸਮੂਹ ਫ਼ਰੀਦਕੋਟ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਇਨ੍ਹਾਂ ਟੈਂਡਰਾਂ ਦੀ ਜਾਣਕਾਰੀ ਪ੍ਰਾਪਤ ਕਰਨ, ਸਬੰਧਤ ਵਿਭਾਗ ਨਾਲ ਸੰਪਰਕ ਕਰਨ ਜਾਂ ਅਪਲਾਈ ਕਰਨ ਦੀ ਪ੍ਰਕਿਰਿਆ ਸਮਝਣ ਵਿੱਚ ਕੋਈ ਮੁਸ਼ਕਲ ਆਉਂਦੀ ਹੈ, ਤਾਂ ਉਹ ਉਨ੍ਹਾਂ ਦੇ ਨਿੱਜੀ ਮੋਬਾਈਲ ਨੰਬਰ 7780007878 'ਤੇ ਸਿੱਧਾ ਸੰਪਰਕ ਕਰ ਸਕਦਾ ਹੈ।

ਅੰਤ ਵਿੱਚ ਉਨ੍ਹਾਂ ਵਪਾਰੀਆਂ, ਦੁਕਾਨਦਾਰਾਂ, ਨੌਜਵਾਨਾਂ ਅਤੇ ਸਮਾਜ ਦੇ ਹਰ ਵਰਗ ਨੂੰ ਅਪੀਲ ਕੀਤੀ ਕਿ ਇਸ ਜਾਣਕਾਰੀ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾਵੇ, ਤਾਂ ਜੋ ਕੋਈ ਵੀ ਯੋਗ ਵਿਅਕਤੀ ਸਿਰਫ਼ ਜਾਣਕਾਰੀ ਦੀ ਘਾਟ ਕਾਰਨ ਕਾਰੋਬਾਰ ਦੇ ਮੌਕੇ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ "ਸਹੀ ਜਾਣਕਾਰੀ ਹਰ ਕਿਸੇ ਦਾ ਹੱਕ, ਕਾਰੋਬਾਰ ਦੇ ਮੌਕੇ ਸਭ ਲਈ — ਇਹੀ ਮੇਰੀ ਸੋਚ ਅਤੇ ਫ਼ਰੀਦਕੋਟ ਦੀ ਤਰੱਕੀ ਲਈ ਮੇਰੀ ਵਚਨਬੱਧਤਾ ਹੈ।"

ਪਾਕਿਸਤਾਨ ਦੀ ਪਹਿਲੀ ਸਿੱਖ ਬੀਬੀ ਡਾ. ਸਤਵੰਤ ਕੌਰ ਨੇ ਪੀਐੱਚ.ਡੀ. ਕਰਕੇ ਰਚਿਆ ਇਤਿਹਾਸ

ਸਿੱਖਿਆ ਦੇ ਖੇਤਰ ਵਿੱਚ ਡਾਕਟਰੇਟ ਹਾਸਲ ਕਰਕੇ ਸਿੱਖ ਮਹਿਲਾਵਾਂ ਲਈ ਬਣੀ ਪ੍ਰੇਰਨਾ ਸਰੋਤ — ਡਾ. ਸੁਰਿੰਦਰ ਸਿੰਘ ਗਿੱਲ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਲਾਹੌਰ/ਵਾਸ਼ਿੰਗਟਨ ਡੀ.ਸੀ. 18 ਨਵੰਬਰ : ਪਾਕਿਸਤਾਨ ਦੇ ਸਿੱਖ ਭਾਈਚਾਰੇ ਲਈ ਉਸ ਸਮੇਂ ਮਾਣਮੱਤਾ ਇਤਿਹਾਸਕ ਪਲ ਬਣਿਆ, ਜਦੋਂ ਬੀਬੀ ਸਤਵੰਤ ਕੌਰ ਨੇ ਸਿੱਖਿਆ ਦੇ ਖੇਤਰ ਵਿੱਚ ਪੀਐੱਚ.ਡੀ. ਦੀ ਡਿਗਰੀ ਹਾਸਲ ਕਰਕੇ ਪਾਕਿਸਤਾਨ ਦੀ ਪਹਿਲੀ ਸਿੱਖ ਮਹਿਲਾ ਡਾਕਟਰੇਟ ਹੋਣ ਦਾ ਮਾਣ ਪ੍ਰਾਪਤ ਕੀਤਾ। ਉਨ੍ਹਾਂ ਦੀ ਇਸ ਵਿਲੱਖਣ ਪ੍ਰਾਪਤੀ ਨੇ ਨਾ ਸਿਰਫ਼ ਪਾਕਿਸਤਾਨ ਦੇ ਸਿੱਖ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕੀਤਾ, ਸਗੋਂ ਘੱਟ ਗਿਣਤੀ ਭਾਈਚਾਰਿਆਂ ਦੀਆਂ ਲੜਕੀਆਂ ਲਈ ਉੱਚ ਸਿੱਖਿਆ ਦੇ ਨਵੇਂ ਰਾਹ ਵੀ ਰੌਸ਼ਨ ਕੀਤੇ ਹਨ।

ਡਾ. ਸਤਵੰਤ ਕੌਰ ਨੇ ਇਹ ਮਾਣਮੱਤੀ ਪ੍ਰਾਪਤੀ ਪਾਕਿਸਤਾਨ ਦੇ ਉੱਘੇ ਸਿੱਖ ਵਿਦਵਾਨ ਅਤੇ ਪਹਿਲੇ ਸਿੱਖ ਪੀਐੱਚ.ਡੀ. ਡਾ. ਕਲਿਆਣ ਸਿੰਘ ਦੀ ਅਗਵਾਈ ਅਤੇ ਪ੍ਰੇਰਨਾ ਸਦਕਾ ਹਾਸਲ ਕੀਤੀ। ਡਾ. ਕਲਿਆਣ ਸਿੰਘ ਨੇ ਉਨ੍ਹਾਂ ਦੀ ਸਖ਼ਤ ਮਿਹਨਤ, ਲਗਨ ਅਤੇ ਵਿਦਿਅਕ ਪ੍ਰਾਪਤੀ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਫਲਤਾ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਸਾਬਤ ਹੋਵੇਗੀ।



ਇਸ ਮੌਕੇ ਪਾਕਿਸਤਾਨ ਦੇ ਕੈਬਨਿਟ ਮੰਤਰੀ ਅਤੇ ਉੱਘੇ ਸਿੱਖ ਆਗੂ ਰਮੇਸ਼ ਸਿੰਘ ਅਰੋੜਾ ਨੇ ਡਾ. ਸਤਵੰਤ ਕੌਰ ਨੂੰ ਵਿਸ਼ੇਸ਼ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਸਨਮਾਨ ਕੀਤਾ। ਡਾ. ਕਲਿਆਣ ਸਿੰਘ ਨੇ ਵੀ ਉਨ੍ਹਾਂ ਨੂੰ ਸਨਮਾਨਿਤ ਕਰਦਿਆਂ ਇਸ ਪ੍ਰਾਪਤੀ ਨੂੰ ਪਾਕਿਸਤਾਨ ਦੇ ਸਿੱਖ ਇਤਿਹਾਸ ਵਿੱਚ ਸੁਨਹਿਰੀ ਅਧਿਆਇ ਕਰਾਰ ਦਿੱਤਾ।

ਅਮਰੀਕਾ ਤੋਂ ਅੰਤਰਰਾਸ਼ਟਰੀ ਫ਼ੋਰਮ ਯੂਐੱਸਏ ਦੇ ਚੇਅਰਮੈਨ ਅਤੇ ਅੰਬੈਸਡਰ ਫਾਰ ਪੀਸ ਡਾ. ਸੁਰਿੰਦਰ ਸਿੰਘ ਗਿੱਲ ਨੇ ਡਾ. ਸਤਵੰਤ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ "ਡਾ. ਸਤਵੰਤ ਕੌਰ ਨੇ ਸਾਬਤ ਕਰ ਦਿੱਤਾ ਹੈ ਕਿ ਦ੍ਰਿੜ੍ਹ ਇਰਾਦੇ, ਮਿਹਨਤ ਅਤੇ ਸਹੀ ਅਗਵਾਈ ਨਾਲ ਘੱਟ ਗਿਣਤੀ ਭਾਈਚਾਰੇ ਦੀਆਂ ਧੀਆਂ ਵੀ ਉੱਚ ਸਿੱਖਿਆ ਦੇ ਖੇਤਰ ਵਿੱਚ ਇਤਿਹਾਸ ਸਿਰਜ ਸਕਦੀਆਂ ਹਨ। ਉਨ੍ਹਾਂ ਦੀ ਇਹ ਪ੍ਰਾਪਤੀ ਸਿਰਫ਼ ਇੱਕ ਡਿਗਰੀ ਨਹੀਂ, ਸਗੋਂ ਮਹਿਲਾ ਸਸ਼ਕਤੀਕਰਨ, ਵਿਦਿਅਕ ਬਰਾਬਰੀ ਅਤੇ ਸਮਾਜਿਕ ਤਰੱਕੀ ਦਾ ਮਜ਼ਬੂਤ ਸੰਦੇਸ਼ ਹੈ।"

ਡਾ. ਗਿੱਲ ਨੇ ਅੱਗੇ ਕਿਹਾ ਕਿ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਦਾ ਸੰਦੇਸ਼ ਦੇ ਕੇ ਇਸਤਰੀ ਦੇ ਸਨਮਾਨ ਅਤੇ ਬਰਾਬਰੀ ਦੀ ਨੀਂਹ ਰੱਖੀ ਸੀ। ਡਾ. ਸਤਵੰਤ ਕੌਰ ਦੀ ਇਹ ਸਫਲਤਾ ਉਸੇ ਮਹਾਨ ਸਿਧਾਂਤ ਦੀ ਜਿਉਂਦੀ-ਜਾਗਦੀ ਮਿਸਾਲ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਸਮੇਤ ਸਮੁੱਚੇ ਵਿਸ਼ਵ ਵਿੱਚ ਵੱਸਦੇ ਸਿੱਖ ਪਰਿਵਾਰਾਂ ਨੂੰ ਆਪਣੀਆਂ ਧੀਆਂ ਨੂੰ ਉੱਚ ਸਿੱਖਿਆ, ਖੇਡ ਅਤੇ ਵਿਗਿਆਨਕ ਅਧਿਐਨ ਵੱਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਨ੍ਹਾਂ ਡਾ. ਕਲਿਆਣ ਸਿੰਘ ਦੀ ਅਗਵਾਈ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਦੇ ਮਾਰਗਦਰਸ਼ਨ ਹੇਠ ਡਾ. ਸਤਵੰਤ ਕੌਰ ਨੇ ਇਹ ਮੀਲ ਪੱਥਰ ਸਥਾਪਿਤ ਕੀਤਾ।

ਇਸੇ ਦੌਰਾਨ ਕਰਾਚੀ ਤੋਂ ਘੱਟ ਗਿਣਤੀਆਂ ਦੇ ਹੱਕਾਂ ਲਈ ਸਰਗਰਮ

ਖੇਡਾਂ ਵਤਨ ਪੰਜਾਬ ਦੀਆਂ 2026- ਪਟਿਆਲਾ ਵਿਖੇ ਰਾਜ ਪੱਧਰੀ ਲਾਅਨ ਟੈਨਿਸ ਅਤੇ ਵਾਲੀਬਾਲ ਸਮੈਸ਼ਿੰਗ ਵਿੱਚ ਅੱਜ ਦੂਸਰੇ ਦਿਨ ਦੀਆਂ ਖੇਡਾਂ ਕਰਵਾਈਆਂ ਗਈਆਂ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 18 ਨਵੰਬਰ :ਖੇਡਾਂ ਵਤਨ ਪੰਜਾਬੀ ਦੀਆਂ 2026ਸਬੰਧੀ ਜਾਣਕਾਰੀ ਦਿੰਦਿਆਂ ਜਿਲ੍ਹਾ ਖੇਡ ਅਫਸਰ, ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਹ ਮੁਕਾਬਲੇ ਵੱਖ-ਵੱਖ ਉਮਰ ਵਰਗਾਂ ਵਿੱਚ ਕਰਵਾਏ ਜਾ ਰਹੇ ਹਨ, ਜਿਹਨਾਂ ਵਿੱਚ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਤੋਂ ਖਿਡਾਰੀ ਉਤਸ਼ਾਹ ਨਾਲ ਭਾਗ ਲੈ ਰਹੇ ਹਨ।ਉਹਨਾਂ ਦੱਸਿਆ ਕਿ ਲਾਅਨ ਟੈਨਿਸ ਅੰਡਰ-14 ਲੜਕੀਆਂ ਵਿੱਚ ਐਸ.ਏ.ਐਸ.ਨਗਰ ਨੇ ਪਹਿਲਾ ਸਥਾਨ, ਲੁਧਿਆਣਾ ਨੇ ਦੂਸਰਾ ਸਥਾਨ ਅਤੇ ਪਟਿਆਲਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ-17 ਲੜਕੀਆਂ ਵਿੱਚ ਜਲੰਧਰ ਨੇ ਪਹਿਲਾ ਸਥਾਨ, ਪਟਿਆਲਾ ਨੇ ਦੂਸਰਾ ਸਥਾਨ ਅਤੇ ਅੰਮ੍ਰਿਤਸਰ ਨੇ ਤੀਸਰਾ ਸਥਾਨ ਹਾਸਲ ਕੀਤਾ।


ਵਾਲੀਬਾਲ ਸਮੈਸ਼ਿੰਗ ਖੇਡ ਅੰਡਰ-14 ਲੜਕਿਆਂ ਵਿੱਚ ਹੁਸ਼ਿਆਰਪੁਰ ਦੀ ਟੀਮ ਨੇ ਬਠਿੰਡਾ ਨੂੰ, ਐਸ.ਏ.ਐਸ. ਨਗਰ ਦੀ ਟੀਮ ਨੇ ਸ੍ਰੀ ਮੁਕਤਸਰ ਸਾਹਿਬ ਨੂੰ ਅਤੇ ਪਠਾਨਕੋਟ ਦੀ ਟੀਮ ਨੇ ਗੁਰਦਾਸਪੁਰ ਦੀ ਟੀਮ ਨੂੰ 2-0 ਨਾਲ ਹਰਾ ਕੇ ਸ਼ਾਨਦਾਰ ਜਿੱਤ ਰਹੀ। ਇਸੇ ਤਰ੍ਹਾਂ ਅੰਡਰ-17 ਲੜਕਿਆਂ ਵਿੱਚ ਹੁਸ਼ਿਆਰਪੁਰ ਦੀ ਟੀਮ ਨੇ ਬਰਨਾਲਾ ਦੀ ਟੀਮ ਨੂੰ, ਪਟਿਆਲਾ ਦੀ ਟੀਮ ਨੇ ਫਾਜਿਲਕਾ ਦੀ ਟੀਮ ਨੂੰ, ਸ੍ਰੀ ਫਤਿਹਗੜ੍ਹ ਸਾਹਿਬ ਦੀ ਟੀਮ ਨੇ ਮਾਨਸਾ ਦੀ ਟੀਮ ਨੂੰ,



ਲੁਧਿਆਣਾ ਦੀ ਟੀਮ ਨੇ ਐਸ.ਬੀ.ਐਸ. ਨਗਰ ਦੀ ਟੀਮ ਨੂੰ, ਐਸ.ਏ.ਐਸ.ਨਗਰ ਦੀ ਟੀਮ ਨੇ ਸ੍ਰੀ ਫਤਿਹਗੜ੍ਹ ਸਾਹਿਬ ਦੀ ਟੀਮ ਨੂੰ ਅਤੇ ਹੁਸ਼ਿਆਰਪੁਰ ਦੀ ਟੀਮ ਨੇ ਮਲੇਰਕੋਟਲਾ ਦੀ ਟੀਮ ਨੂੰ ਹਰਾਇਆ। ਅੰਡਰ-21 ਲੜਕਿਆਂ ਵਿੱਚ ਮਲੇਰਕੋਟਲਾ ਦੀ ਟੀਮ ਨੇ ਰੋਪੜ ਦੀ ਟੀਮ ਨੂੰ, ਪਠਾਨਕੋਟ ਦੀ ਟੀਮ ਨੇ ਸ੍ਰੀ ਫਤਿਹਗੜ੍ਹ ਸਾਹਿਬ ਦੀ ਟੀਮ ਨੂੰ, ਐਸ.ਏ.ਐਸ. ਨਗਰ ਦੀ ਟੀਮ ਨੇ ਹੁਸ਼ਿਆਰਪੁਰ ਨੂੰ, ਮਲੇਰਕੋਟਲਾ ਦੀ ਟੀਮ ਨੇ ਜਲੰਧਰ ਨੂੰ, ਲੁਧਿਆਣਾ ਦੀ ਟੀਮ ਨੇ ਸੰਗਰੂਰ ਦੀ ਟੀਮ ਨੂੰ ਅਤੇ ਪਟਿਆਲਾ ਦੀ ਟੀਮ ਨੇ ਪਠਾਨਕੋਟ ਦੀ ਟੀਮ ਨੂੰ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।

ਸਾਈਕਲ ਯਾਤਰਾ ਦੌਰਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਡਾ. ਭੀਮ ਰਾਓ ਅੰਬੇਡਕਰ ਲਾਇਬ੍ਰੇਰੀ ਕੋਟਕਪੂਰਾ ਵਿਖੇ ਪਹੁੰਚੇ ਨਰਿੰਦਰ ਰਾਠੌਰ ਦੀ ਅਗਵਾਈ ਹੇਠ ਗ੍ਰਾਂਟ ਲਈ ਸੌਂਪਿਆ ਮੰਗ ਪੱਤਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 18 ਨਵੰਬਰ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਆਪਣੀ ਸਾਈਕਲ ਯਾਤਰਾ ਦੌਰਾਨ ਅੱਜ ਜਦੋਂ ਕੋਟਕਪੂਰਾ ਵਿਖੇ ਪਹੁੰਚੇ, ਤਾਂ ਉਹ ਵਿਸ਼ੇਸ਼ ਤੌਰ 'ਤੇ ਸਥਾਨਕ ਡਾ. ਭੀਮ ਰਾਓ ਅੰਬੇਡਕਰ ਲਾਇਬ੍ਰੇਰੀ ਵਿਖੇ ਨਤਮਸਤਕ ਹੋਣ ਅਤੇ ਪ੍ਰਬੰਧਕਾਂ ਨਾਲ ਮੁਲਾਕਾਤ ਕਰਨ ਲਈ ਪੁੱਜੇ। ਇਸ ਮੌਕੇ ਲਾਇਬ੍ਰੇਰੀ ਸੁਸਾਇਟੀ ਦੇ ਪ੍ਰਮੁੱਖ ਆਗੂ ਸ੍ਰੀ ਨਰਿੰਦਰ ਰਾਠੌਰ ਦੀ ਅਗਵਾਈ ਹੇਠ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਸਾਬਕਾ ਮੁੱਖ ਮੰਤਰੀ ਦਾ ਨਿੱਘਾ ਸਵਾਗਤ ਕੀਤਾ ਗਿਆ। ਸੁਸਾਇਟੀ ਦੇ ਵਫ਼ਦ ਨੇ ਲਾਇਬ੍ਰੇਰੀ ਦੇ ਸੁਚਾਰੂ ਪ੍ਰਬੰਧਾਂ, ਵਿਦਿਆਰਥੀਆਂ ਲਈ ਲੋੜੀਂਦੀਆਂ ਕਿਤਾਬਾਂ ਅਤੇ ਇਮਾਰਤ ਦੇ ਵਿਕਾਸ ਕਾਰਜਾਂ ਲਈ ਵਿਸ਼ੇਸ਼ ਗ੍ਰਾਂਟ ਜਾਰੀ ਕਰਵਾਉਣ ਸਬੰਧੀ ਇੱਕ ਵਿਸਥਾਰਪੂਰਵਕ ਮੰਗ ਪੱਤਰ ਸ. ਚੰਨੀ ਨੂੰ ਸੌਂਪਿਆ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੁਸਾਇਟੀ ਵੱਲੋਂ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਸਿੱਖਿਆ ਨਾਲ ਜੋੜਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਲਾਇਬ੍ਰੇਰੀ ਦੀ ਬਿਹਤਰੀ ਅਤੇ ਲੋੜੀਂਦੀ ਗ੍ਰਾਂਟ ਦਿਵਾਉਣ ਲਈ ਉਹ ਹਰ ਸੰਭਵ ਯਤਨ ਕਰਨਗੇ। ਇਸ ਮੌਕੇ ਕਾਂਗਰਸ ਪਾਰਟੀ ਦੇ ਕੋਟਕਪੂਰਾ ਹਲਕਾ ਇੰਚਾਰਜ ਸ. ਅਜੈਪਾਲ ਸਿੰਘ ਸੰਧੂ, ਸ਼੍ਰੀਮਤੀ ਗੁਰਬਿੰਦਰ ਕੌਰ ਸਮੇਤ ਲਾਇਬ੍ਰੇਰੀ ਸੁਸਾਇਟੀ ਦੇ ਹੋਰ ਮੈਂਬਰ ਅਤੇ ਇਲਾਕੇ ਦੇ ਪਤਵੰਤੇ ਸੱਜਣ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਮਾਊਂਟ ਲਿਟਰਾ ਜੀ ਸਕੂਲ ਦੀ ਖਿਡਾਰਨ ਪਵਨਪ੍ਰੀਤ ਕੌਰ ਨੇ ਸਟੇਟ ਚੈਂਪੀਅਨਸ਼ਿਪ ਵਿੱਚ ਜਿੱਤਿਆ ਕਾਂਸੀ ਦਾ ਤਮਗਾ

ਉੱਚੀ ਛਾਲ ਵਿੱਚ 1.45 ਮੀਟਰ ਦੀ ਛਾਲ ਲਗਾ ਕੇ ਫਰੀਦਕੋਟ ਜ਼ਿਲ੍ਹੇ ਅਤੇ ਸਕੂਲ ਦਾ ਨਾਮ ਕੀਤਾ ਰੌਸ਼ਨ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਫਰੀਦਕੋਟ, 18 ਨਵੰਬਰ : ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨ ਖਿਡਾਰੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਦੇ ਉਦੇਸ਼ ਨਾਲ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਦੀ ਸਟੇਟ ਚੈਂਪੀਅਨਸ਼ਿਪ ਗੁਰੂ ਨਾਨਕ ਸਟੇਡੀਅਮ, ਲੁਧਿਆਣਾ ਵਿਖੇ ਮਿਤੀ 17 ਤੋਂ 18 ਨਵੰਬਰ 2026 ਤੱਕ ਕਰਵਾਈ ਗਈ।

ਇਸ ਰਾਜ ਪੱਧਰੀ ਮੁਕਾਬਲੇ ਵਿੱਚ ਮਾਊਂਟ ਲਿਟਰਾ ਜੀ ਸਕੂਲ, ਫਰੀਦਕੋਟ ਦੀ ਹੋਣਹਾਰ ਅਥਲੀਟ ਪਵਨਪ੍ਰੀਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਲਈ ਮਾਣਮੱਤੀ ਪ੍ਰਾਪਤੀ ਹਾਸਲ ਕੀਤੀ। ਪਵਨਪ੍ਰੀਤ ਕੌਰ ਨੇ ਅੰਡਰ-17 ਲੜਕੀਆਂ ਦੇ ਵਰਗ ਵਿੱਚ ਉੱਚੀ ਛਾਲ ਦੇ ਮੁਕਾਬਲੇ ਦੌਰਾਨ 1.45 ਮੀਟਰ ਦੀ ਸ਼ਾਨਦਾਰ ਛਾਲ ਲਗਾ ਕੇ ਕਾਂਸੀ ਦਾ ਤਮਗਾ ਆਪਣੇ ਨਾਮ ਕੀਤਾ। ਉਸ ਦੀ ਇਸ ਪ੍ਰਾਪਤੀ ਨਾਲ ਸਕੂਲ ਅਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।

ਪਵਨਪ੍ਰੀਤ ਦੀ ਇਹ ਸਫਲਤਾ ਉਸ ਦੀ ਲਗਨ, ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਖੇਡਾਂ ਪ੍ਰਤੀ ਸਮਰਪਣ ਦਾ ਨਤੀਜਾ ਹੈ। ਇਸ ਮਾਣਮੱਤੀ ਪ੍ਰਾਪਤੀ 'ਤੇ ਸਕੂਲ ਦੇ ਚੇਅਰਮੈਨ ਇੰਜੀਨੀਅਰ ਚਮਨ ਲਾਲ ਗੁਲਾਟੀ ਨੇ ਪਵਨਪ੍ਰੀਤ



ਕੌਰ ਅਤੇ ਉਸ ਦੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਅਨੁਸ਼ਾਸਨ, ਸਹਿਣਸ਼ੀਲਤਾ ਅਤੇ ਟੀਮ ਭਾਵਨਾ ਪੈਦਾ ਕਰਦੀਆਂ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਧਵਨ ਕੁਮਾਰ ਨੇ ਵੀ ਪਵਨਪ੍ਰੀਤ ਦੀ ਇਸ ਸ਼ਾਨਦਾਰ ਪ੍ਰਾਪਤੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਕੂਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਹੈ ਅਤੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਂਦਾ ਹੈ।

ਇਸ ਮੌਕੇ ਸਕੂਲ ਦੇ ਡੀ.ਪੀ.ਈ. ਮਨਦੀਪ ਕੁਮਾਰ, ਮਨਜੋਧ ਸਿੰਘ ਅਤੇ ਅਮਨਦੀਪ ਸਿੰਘ ਨੇ ਵੀ ਪਵਨਪ੍ਰੀਤ ਕੌਰ ਨੂੰ ਵਧਾਈ ਦਿੱਤੀ ਅਤੇ ਉਸ ਦੀ ਮਿਹਨਤ ਤੇ ਖੇਡ ਪ੍ਰਤੀ ਸਮਰਪਣ ਦੀ ਸ਼ਲਾਘਾ ਕੀਤੀ। ਮਾਊਂਟ ਲਿਟਰਾ ਜੀ ਸਕੂਲ ਪਰਿਵਾਰ ਨੇ ਪਵਨਪ੍ਰੀਤ ਦੀ ਇਸ ਸ਼ਾਨਦਾਰ ਜਿੱਤ 'ਤੇ ਮਾਣ ਮਹਿਸੂਸ ਕਰਦਿਆਂ ਉਸ ਦੇ ਸੁਨਹਿਰੀ ਭਵਿੱਖ ਅਤੇ ਆਉਣ ਵਾਲੇ ਮੁਕਾਬਲਿਆਂ ਵਿੱਚ ਹੋਰ ਵੱਡੀਆਂ ਸਫਲਤਾਵਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਭਾਰਤੀ ਸੱਭਿਅਤਾ

ਵਰਲਡ ਪੰਜਾਬੀ ਟਾਈਮਜ਼
ਕਰਮਜੀਤ ਕੌਰ ਮੁਕਤਸਰ

ਅੱਤ ਦੀ ਗਰਮੀ ਦੇ ਦਿਨਾਂ ਵਿਚ ਮੈਂ ਆਪਣੇ ਘਰ ਦੇ ਨਿੱਕੇ-ਮੋਟੇ ਕੰਮ ਨਿਬੇੜਨ ਵਿਚ ਰੁੱਝੀ ਹੋਈ ਸੀ। ਅਚਾਨਕ ਮੇਰੇ ਫੋਨ ਦੀ ਘੰਟੀ ਵੱਜੀ। ਫੋਨ ਚੁੱਕਦਿਆਂ ਸਾਰ ਆਵਾਜ਼ ਮੈਨੂੰ ਕੁਝ ਜਾਣੀ-ਪਹਿਚਾਣੀ ਜਿਹੀ ਜਾਪੀ ਪਰ ਮੈਂ ਪਹਿਚਾਣ ਨਾ ਸਕੀ। ਆਖਿਰ ਮੈਂ ਪੁੱਛ ਹੀ ਲਿਆ,"ਕੌਣ ਬੋਲ ਰਹੇ ਹੋ?"

ਪਹਿਚਾਣਿਆ ਨਹੀਂ, ਅੱਗੋਂ ਆਵਾਜ਼ ਆਈ।

ਨਹੀਂ ਜੀ, ਮੈਂ ਸਾਫ਼ ਇੰਨਕਾਰ ਕਰਦਿਆਂ ਕਿਹਾ।

ਕੁਝ ਪਲ ਸੋਚਣ ਤੋਂ ਬਾਅਦ ਮੇਰੇ ਧਿਆਨ ਵਿਚ ਆਇਆ ਕਿ ਮੇਰੀ ਗੱਲ ਇੱਕ ਜਾਣਕਾਰ ਕੁੜੀ ਨਾਲ ਹੋ ਰਹੀ ਹੈ। ਮੈਂ ਉਸਦਾ ਹਾਲ-ਚਾਲ ਪੁੱਛਿਆ। ਉਸਨੇ ਦੱਸਿਆ ਕਿ ਉਹ ਅੱਧੇ ਘੰਟੇ ਵਿਚ ਮੇਰੇ ਕੋਲ ਪਹੁੰਚ ਰਹੀ ਹੈ।

ਖੈਰ! ਮੈਂ ਆਪਣੇ ਕੰਮ ਕਾਜ ਨੂੰ ਤੇਜ਼ੀ ਨਾਲ ਖਤਮ ਕੀਤਾ ਅਤੇ ਨਹਾਉਣ ਤੋਂ ਬਾਅਦ ਇੱਕ ਸੱਜਦੇ ਹੋਏ ਸੂਟ-ਦੁਪੱਟੇ ਵਿਚ ਆਪਣੇ ਹੁਲੀਏ ਨੂੰ ਸੰਵਾਰਿਆ। ਸੱਜਣ-ਸੰਵਰਣ ਤੋਂ ਬਾਅਦ ਆਉਣ ਵਾਲੀ ਮਹਿਮਾਨ ਲਈ ਠੰਡਾ ਸ਼ਰਬਤ ਤਿਆਰ ਕਰਕੇ ਫਰਿਜ਼ ਵਿਚ ਰੱਖ ਦਿੱਤਾ।

ਇੰਨੇ ਨੂੰ ਉਸ ਲੜਕੀ ਨੇ ਦਰਵਾਜ਼ੇ ਤੇ ਦਸਖਤ ਦੇ ਦਿੱਤੀ। ਉਸਦੇ ਸਵਾਗਤ ਲਈ ਮੈਂ ਉਸਨੂੰ ਅੱਗੋਂ ਲੈਣ ਲਈ ਕੁਝ ਕਦਮ ਦਰਵਾਜ਼ੇ ਵੱਲ ਵਧੀ। ਜਦ ਮੇਰੀ ਪਹਿਲੀ ਨਜ਼ਰ ਉਸ ਉੱਪਰ ਪਈ ਤਾਂ ਸੱਚ ਜਾਣਿਓ, ਉਸਨੂੰ ਦੇਖ ਕੇ ਮੈਂ ਦੰਗ ਰਹਿ ਗਈ।

ਉਸਦਾ ਵਜ਼ਨ ਦੋ ਕੁਇੰਟਲ ਤੋਂ ਵੀ ਉੱਪਰ ਜਾਪ ਰਿਹਾ ਸੀ। ਉਸਨੇ ਆਪਣੇ ਕਾਲੇ-ਧੂਸ ਰੰਗ ਉੱਪਰ ਕਾਲੇ ਰੰਗ ਦੀ ਟੀ ਸ਼ਰਟ ਲੋਰ ਪਹਿਨੀ ਹੋਈ ਸੀ। ਪੈਰਾਂ ਵਿਚ ਉਸਦੇ ਮੈਚਿੰਗ ਕਾਲੀ ਥੈਲੀ ਸੀ। ਉਸਦੀਆਂ ਬਾਹਾਂ ਅਜੀਬ ਜਿਹੇ ਟੈਟੂਆਂ ਨਾਲ ਭਰੀਆਂ ਹੋਈਆਂ ਸੀ।

ਉਸਦਾ ਅਜੀਬ ਜਿਹਾ ਹੁਲੀਆ ਦੇਖ ਕੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਪਰੰਤੂ ਉਸਨੂੰ ਕਈ ਸਾਲਾਂ ਤੋਂ ਬਾਅਦ ਘਰ ਆਈ ਦੇਖਕੇ ਮੈਂ ਉਸਨੂੰ ਪ੍ਰੇਮ ਸਹਿਤ ਗੱਲਵੱਕੜੀ ਪਾ ਕੇ ਮਿਲੀ। ਫਿਰ ਅਸੀਂ ਦੋਵੇਂ ਕਮਰੇ ਵਿਚ ਚਲੀਆਂ ਗਈਆਂ। ਉਸਦਾ ਰਸਮੀ ਹਾਲ-ਚਾਲ ਪੁੱਛਣ ਤੋਂ ਬਾਅਦ ਮੈਂ ਉਸ ਲਈ ਪਾਣੀ ਦਾ ਗਿਲਾਸ ਟੇਬਲ ਤੇ ਰੱਖ ਦਿੱਤਾ ਅਤੇ ਉਸਦਾ ਪਿਆਰ ਨਾਲ ਨਾਮ ਲੈ ਕੇ ਉਸਨੂੰ ਪਹਿਲਾ ਸਵਾਲ ਕੀਤਾ, " ਤੁਸੀਂ ਕਈ ਸਾਲਾਂ ਤੋਂ ਕਿੱਥੇ ਗਾਇਬ ਸੀ?"

ਉਹ ਪਾਣੀ ਦੀਆਂ ਘੁੱਟਾਂ ਨੂੰ ਤੇਜ਼ੀ ਨਾਲ ਖਤਮ ਕਰਕੇ ਕਾਹਲੀ ਨਾਲ ਬੋਲੀ, "ਇੱਕ ਸਾਲ ਮੈਂ ਨਿਊਜ਼ੀਲੈਂਡ ਚਲੀ ਗਈ ਸੀ। ਬਸ ਉਥੇ ਮੈਨੂੰ ਵੈਸਟਨ ਪਹਿਨਣ ਦੀ ਆਦਤ ਜਿਹੀ ਹੋ ਗਈ। ਇੰਡੀਆ ਵਾਪਸ ਆ ਕੇ ਵੀ ਮੈਂ ਵੈਸਟਨ ਨਹੀਂ ਛੱਡ ਸਕੀ। ਨਾਲੇ ਮੈਨੂੰ ਨਹੀਂ ਪਸੰਦ ਆਪਣਾ ਇੰਡੀਅਨ ਪਹਿਰਾਵਾ। ਇਹ ਸੂਟ-ਸਲਵਾਰ, ਸਾੜ੍ਹੀ ਸਖਤ ਨਫਰਤ ਹੈ ਮੈਨੂੰ ਇਹਨਾਂ ਤੋਂ .....। ਨਾਲੇ ਤੁਹਾਨੂੰ ਪਤਾ ਹੀ ਐ ਆਪਣੇ ਅਨਪੜ੍ਹ ਲੋਕਾਂ ਦੇ ਰੱਵੀਏ ਦਾ ਇਸ ਕਰਕੇ ਮੈਂ ਆਂਢ-ਗੁਆਂਢ ਰਿਸ਼ਤੇਦਾਰ ਸਭ ਨਾਲੋਂ ਨਾਤਾ ਹੀ ਤੋੜ ਲਿਆ। ਉਹ ਬੋਲਦੀ ਗਈ ਤੇ ਮੈਂ ਉਸਦੀਆਂ ਗੱਲਾਂ ਨੂੰ ਗੌਰ ਨਾਲ ਸੁਣਦੀ ਹੋਈ, ਉਸ ਲਈ ਫਰਿਜ ਵਿਚ ਰੱਖੇ ਠੰਡੇ ਸ਼ਰਬਤ ਦੀ ਟ੍ਰੇ ਲਿਜਾ ਉਸ ਦੇ ਅੱਗੇ ਰੱਖ ਦਿੱਤੀ।

ਉਸ ਨੇ ਸ਼ਰਬਤ ਦਾ ਗਿਲਾਸ ਚੁੱਕਿਆ ਤੇ ਪਹਿਲੀ ਘੁੱਟ ਭਰਦੇ ਹੋਏ ਬੋਲੀ, "ਜਰ ਤੂੰ ਤਾਂ ਜਵਾਂ ਹੀ ਨਹੀਂ ਬਦਲੀ, ਬਿਲਕੁਲ ਉਵੇਂ ਦੀ ਉਵੇਂ ਹੀ ਐ।"

"ਸ਼ੁਕਰੀਆ, ਅਤੇ ਉਸਨੇ ਮੁਸਕਰਾਉਂਦੇ ਹੋਏ ਸ਼ਰਬਤ ਵਾਲੇ ਖਾਲੀ ਗਿਲਾਸ ਨੂੰ ਰੱਖਦਿਆਂ ਹੋਇਆਂ ਬੋਲੀ, ਚੱਲੇ ਮੈਂ ਚੱਲਦੀ ਹਾਂ, ਫਿਰ ਕਦੇ ਆਉਂਗੀ ਅੱਜ ਮੈਂ ਕਾਫੀ ਕੰਮ-ਕਾਜ ਕਰਨੇ ਆ। ਉਹ ਜਾਣ ਲਈ ਉੱਠ ਖੜੀ ਹੋਈ। ਮੈਂ



ਸਤਿਕਾਰ ਸਹਿਤ ਉਸਨੂੰ ਦਰਵਾਜੇ ਤੱਕ ਛੱਡ ਆਈ। ਉਹ ਚਲੀ ਗਈ ਪਰ ਮੈਂ ਦੇਰ ਤੱਕ ਡੂੰਘੀ ਸੋਚ ਵਿਚ ਡੁੱਬੀ ਰਹੀ।

ਸੋਚਿਆ, ਜਿਸ ਮਹਾਨ ਭਾਰਤੀ ਸੱਭਿਅਤਾ, ਭਾਰਤੀ ਸੰਸਕ੍ਰਿਤੀ ਨੇ ਸਾਨੂੰ ਬਾਦਸ਼ਾਹਾਂ ਦੀ ਤਰ੍ਹਾਂ ਜਿਉਣਾ ਸਿਖਾਇਆ। ਜਿੱਥੇ ਹਰ ਭਾਰਤੀ ਨਾਰੀ ਨੂੰ ਆਪਣੇ ਨਾਮ ਨਾਲ 'ਕੌਰ, ਰਾਣੀ,ਬਾਈ' ਦੇ ਨਾਮ ਨਾਲ ਨਿਵਾਜਿਆ ਜਾਂਦਾ ਹੋਵੇ, ਉਸ ਸੱਭਿਅਤਾ ਦੇ ਪਹਿਰਾਵੇ ਦੀ ਇੰਨੀ ਤਿੱਖੀ ਅਲੋਚਨਾ ਕੋਈ ਆਪਣਾ ਹੀ ਕਿਵੇਂ ਕਰ ਸਕਦਾ ਹੈ।

ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਦਰਅਸਲ ਸਾਡੇ ਲੋਕ ਆਪਣੀ ਸੱਭਿਅਤਾ ਦੀ ਮਾਹਨਤਾ ਤੋਂ ਅੱਜ ਵੀ ਕਿੰਨੇ ਅਣਜਾਣ ਹਨ।

ਜਿਸ ਦੇਸ਼ ਦੀ ਹਰ ਭਾਰਤੀ ਨਾਰੀ ਆਪਣੀ ਭਾਰਤੀ ਪੁਸ਼ਾਕ ਵਿਚ ਜਦੋਂ ਗਹਿਣਿਆ ਨਾਲ ਲੱਦੀ ਹੋਵੇ, ਉਦੋਂ ਉਹ ਆਪਣੇ ਆਪ ਵਿਚ ਕਿਸੇ ਮਹਾਰਾਣੀ ਤੋਂ ਘੱਟ ਨਹੀਂ ਜਾਪਦੀ। ਜਰਾ ਇਤਿਹਾਸ ਦੇ ਪੰਨਿਆਂ ਵੱਲ ਝਾਤ ਮਾਰ ਕੇ ਦੇਖੀਏ, ਸਾਡੀਆਂ ਉਹ ਮਹਾਨ ਭਾਰਤੀ ਨਾਰੀਆਂ ਜਿਨ੍ਹਾਂ ਨੇ ਆਪਣੇ ਦੇਸ਼ ਦੇ ਪਹਿਰਾਵੇ ਅੰਦਰ ਰਹਿ ਕੇ ਆਪਣੇ ਆਤਮ-ਸਨਮਾਣ ਦੀ ਰੱਖਿਆ ਹੀ ਨਹੀਂ ਕੀਤੀ ਸਗੋਂ ਦੇਸ਼ ਕੌਮ ਦੀ ਅਗਵਾਈ ਵੀ ਕੀਤੀ। ਉਹਨਾਂ ਮਹਾਨ ਜਰਨੈਲ ਔਰਤਾਂ ਦਾ ਨਾਮ ਦੁਨੀਆਂ ਭਰ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਦਰਜ ਹੈ। ਜੋ ਸਦਾ ਅਮਰ ਰਹੇਗਾ।

ਪਰੰਤੂ ਅੱਜ ਕੱਲ ਦੀ ਨੌਜਵਾਨ ਪੀੜ੍ਹੀ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਆ ਕੇ ਆਪਣੇ ਦੇਸ਼ ਦੇ ਪਹਿਰਾਵੇ ਨੂੰ ਓਪਰੀ ਨਿਗਾਂ ਨਲਾ ਤੱਕ ਰਹੀ ਹੈ।

ਜਿਸ ਦੇਸ਼ ਦੇ ਅਸੀਂ ਜੰਮਪਲ ਹੋਏ, ਨਮਕ ਖਾਦਾ, ਨਾਗਰਿਕ ਸਿੱਧ ਹੋਏ, ਉਸ ਪਵਿੱਤਰ ਧਰਤੀ ਦੇ ਲਿਬਾਸ ਨੂੰ ਲੋਕ ਏਅਰ-ਪੋਰਟ ਤੇ ਹੀ ਉਤਾਰ ਜਾਂਦੇ ਹਨ। 'ਕਿਉਂ' ਕਿਉਂਕਿ ਮੱਛੀ ਪੱਥਰ ਚੱਟ ਕੇ ਮੁੜਦੀ ਹੈ। ਇਹ ਵੀ ਮੁੜਨਗੇ ਪਰ ਉਦੋਂ ਤੱਕ ਇਹ ਆਪਣਾ ਸਭ ਕੁਝ ਗਵਾ ਲੈਣਗੇ। ਪਰ ਮੇਰੇ ਭਾਰਤ ਦੇਸ਼ ਦੀ ਮਹਾਨ ਸੱਭਿਅਤਾ ਦੁਨੀਆਂ ਭਰ ਵਿਚ ਸਦਾ ਚਮਕਦੀ ਹੀ ਰਹੇਗੀ